ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ), ਪੰਜਾਬ।
ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ।

ਵੱਲ,

ਸਮੂਹ ਮੰਡਲ ਸਿਖਿਆ ਅਫਸਰ,
ਸਮੂਹ ਜਿਲਾ ਸਿਖਿਆ ਅਫਸਰ (ਸੈ:ਸਿ:),
ਪੰਜਾਬ।

ਮੀਮੋ ਨੰ: 16/10-2013 ਅਮਲਾ-2 (6)
ਮਿਤੀ : 19/7/2013

ਵਿਸਾ :- ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਰਿਵਾਇਜ ਕਰਨ ਉਪਰੰਤ ਜਾਰੀ ਕਰਨ ਬਾਰੇ।

ਵਿਭਾਗ ਵਲੋ ਸਾਲ 2011-12 ਵਿਚ ਮਾਸਟਰ/ ਮਿਸਟ੍ਰੈਸ ਕਾਡਰ ਤੋ ਲੈਕਚਰਾਰ ਕਾਡਰ ਵਿਚ ਤਰੱਕੀਆ ਕੀਤੀਆ ਗਈਆ ਸਨ। ਇਹਨਾ ਤਰੱਕੀਆ ਉਪਰੰਤ ਵਿਭਾਗ ਪਾਸ ਕਾਫੀ ਮਾਤਰਾ ਵਿਚ ਲੈਫਟ ਆਉਟ ਕੇਸ ਪ੍ਰਾਪਤ ਹੋਏ। ਜਿਸ ਉਪਰੰਤ ਮਾਨਯੋਗ ਸਕੱਤਰ ਸਕੂਲ ਸਿਖਿਆ ਜੀ ਵਲੋ ਇਹਨਾਂ ਤਰੱਕੀਆ ਨੂੰ ਰਿਵਿਊ ਕਰਨ ਲਈ ਹੇਠ ਲਿਖੇ ਅਨੁਸਾਰ ਇਕ ਕਮੇਟੀ ਦਾ ਗਠਨ ਕੀਤਾ ਗਿਆ ।

1. ਵਿਸੇਸ ਸਕੱਤਰ ਸਕੂਲ ਸਿਖਿਆ (ਕ)
2. ਵਧੀਕ ਸਕੱਤਰ ਸਕੂਲ ਸਿਖਿਆ (ਗ)
3. ਡੀ.ਪੀ.ਆਈ (ਸੈ:ਸਿ:), ਪੰਜਾਬ
4. ਓ ਐਸ ਡੀ (ਲਿਟੀਗੇਸਨ)

ਇਸ ਕਮੇਟੀ ਵਲੋ ਦਿੱਤੀ ਰਿਪੋਰਟ ਅਨੁਸਾਰ ਮਿਤੀ 13-12-2011 ਤੋ ਮਿਤੀ 17-12-2011 ਤੱਕ ਲੈਕਚਰਾਰ ਕਾਡਰ ਵਿਚ ਜੋ ਤਰੱਕੀਆ ਕੀਤੀਆ ਗਈਆ। ਉਹਨਾ ਵਿਚ ਬਹੁਤ ਸਾਰੀਆ ਇਰੈਗੂਲੈਰੀਟੀਜ ਪਾਈਆ ਗਈਆ। ਇਹ ਤਰੱਕੀਆ ਕਰਨ ਸਮੇ ਮਾਸਟਰ ਕਾਡਰ ਦੀ ਸੀਨੀਆਰਤਾ ਨੂੰ ਨਜਰਅੰਦਾਜ ਕੀਤਾ ਗਿਆ। ਇਹ ਤਰੱਕੀਆ ਮਾਸਟਰ ਕਾਡਰ ਵਿਚ ਹਾਜਰੀ ਦੀ ਮਿਤੀ ਦੇ ਆਧਾਰ ਤੇ ਕੀਤੀਆ ਗਈਆ।

ਇਸ ਕਮੇਟੀ ਵਲੋ ਦਿਤੀ ਰਿਪੋਰਟ ਅਨੁਸਾਰ ਮਾਸਟਰ ਕਾਡਰ ਦੀ ਸੀਨੀਆਰਤਾ ਠੀਕ ਨਾ ਹੋਣ ਬਾਰੇ ਵੀ ਕਿਹਾ ਗਿਆ। ਕਮੇਟੀ ਵਲੋ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਬਾਰੇ ਹੇਠਾਂ ਲਿਖੇ ਅਨੁਸਾਰ ਪ੍ਰੇਖਣ ਕੀਤੇ ਗਏ:-

1. ਕਮੇਟੀ ਦੀ ਰਿਪੋਰਟ ਅਨੁਸਾਰ ਮਾਸਟਰ/ ਮਿਸਟ੍ਰੈਸ ਕਾਡਰ ਦੀ ਪਹਿਲਾ ਬਣਾਈ ਸੀਨੀਆਰਤਾ ਸੂਚੀ ਸਬੰਧੀ ਵਰਣਨਯੋਗ ਹੈ ਕਿ ਮੋਜੂਦਾ ਸੀਨੀਆਰਤਾ ਸੂਚੀ ਕਾਡਰ ਵਿਚ ਕੁਲ ਸਰਵਿਸ ਨੂੰ ਗਿਣ ਕੇ ਤਿਆਰ ਕੀਤੀ ਗਈ ਹੈ, ਅਤੇ ਸਿੱਧੀ ਭਰਤੀ ਵਿਚ ਭਰਤੀ ਸਮੇ ਦੀ ਮੈਰਿਟ ਨੂੰ ਧਿਆਨ ਵਿਚ ਰਖਿੱਆ ਗਿਆ ਹੈ। ਵੱਖ ਵੱਖ ਵਿਸਿਆ ਨਾਲ ਸਬੰਧਤ ਮਾਸਟਰ/ ਮਿਸਟ੍ਰੈਸ ਨੂੰ ਇੱਕਠਿਆ ਆਧਾਰ ਮੰਨ ਕੇ ਸੀਨੀਆਰਤਾ ਲਈ ਇਕ ਕਾਡਰ ਮੰਨਿਆ ਗਿਆ ਜਿਸ ਨੂੰ ਨਿਯਮਾ ਤਹਿਤ ਠੀਕ ਨਹੀ ਮੰਨਿਆ ਜਾ ਸਕਦਾ। ਇਹ ਮੁਸਕਲ ਪੰਜਾਬ ਸਿਵਲ ਸਰਵਿਸ ਰੂਲਜ ਪਾਰਟ-1 ਦੇ ਨਿਯਮ 2.9 ਅਨੁਸਾਰ ਹੱਲ ਕੀਤੀ ਜਾ ਸਕਦੀ ਹੈ।
2. ਕਮੇਟੀ ਅਨੁਸਾਰ ਮਾਸਟਰ/ ਮਿਸਟ੍ਰੈਸ ਕਾਡਰ ਦੀ ਪਹਿਲਾ ਬਣਾਈ ਸੀਨੀਆਰਤਾ ਸੂਚੀ ਸਾਰਿਆ ਵਿਸਿਆ ਦੀ ਇਕਠੀ ਬਣਾਈ ਹੈ, ਇਹਨਾ ਸੀਨੀਆਰਤਾ ਸੂਚੀਆ ਨੂੰ ਅਲਗ ਅੱਲਗ ਕਰਾਈਟੀਰੀਏ ਨਾਲ ਤਿਆਰ ਕੀਤਾ ਗਿਆ ਸੀ। ਉਦਾਹਰਣ ਦੇ ਤੌਰ ਤੇ ਇਸਤਰੀ ਕਰਮਚਾਰੀਆ ਦੀ ਸੀਨੀਆਰਤਾ ਸੂਚੀ ਬਨਾਉਣ ਸਮੇ ਸਿੱਧੀ ਭਰਤੀ

ਰਾਹੀ ਚੋਣ ਕਮੇਟੀ ਵਲੋ ਜਾਰੀ ਸਾਰੇ ਵਿਸਿਆ ਦੀ ਮੈਰਿਟ ਨੂੰ ਇੱਕਠਾ ਮਰਜ ਕਰਕੇ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਸੀ, ਪਰ ਪੁਰਸ ਕਰਮਚਾਰੀਆਂ ਦੀ ਸੀਨੀਆਰਾਤਾ ਸੂਚੀ ਵਿਚ ਇਹ ਕਰਾਈਟੀਰੀਆ ਨਹੀ ਅਪਣਾਇਆ ਗਿਆ। ਪੁਰਸ ਕਰਮਚਾਰੀਆ ਦੀ ਸੀਨੀਆਰਤਾ ਸੂਚੀ ਬਨਾਉਣ ਸਮੇ ਇਕ ਵਿਸੇ ਵਿਚ ਭਰਤੀ ਕਰਮਚਾਰੀਆ ਨੂੰ ਬਿਨਾ ਕਿਸੇ ਨਿਯਮ ਅਤੇ ਪੱਖਪਾਤੀ ਢੰਗ ਨਾਲ ਦੂਸਰੇ ਵਿਸੇ ਵਿਚ ਭਰਤੀ ਕਰਮਚਾਰੀਆ ਤੋ ਸੀਨੀਅਰ ਮੰਨਿਆ ਗਿਆ, ਜਿਸ ਨਾਲ ਸੀਨੀਆਰਤਾ ਸੂਚੀ ਨੂੰ ਠੀਕ ਨਹੀ ਮੰਨਿਆ ਜਾ ਸਕਦਾ।

3. ਸੀਨੀਆਰਤਾ ਸੂਚੀ ਕੇਵਲ ਉਹਨਾ ਮਾਸਟਰ ਅਤੇ ਮਿਸਟ੍ਰੈਸ ਦੀ ਤਿਆਰ ਕੀਤੀ ਗਈ ਸੀ ਜੋ ਸਾਲ 2001 ਤੋ ਪਹਿਲਾ ਭਰਤੀ ਹੋਏ ਸਨ। ਉਕਤ ਭਰਤੀ ਤੋ ਬਾਅਦ ਵੀ ਸਾਲ 2006 ਅਤੇ 2009 ਵਿਚ ਭਰਤੀ ਕੀਤੀ ਗਈ ਸੀ। ਇਹਨਾਂ ਨੂੰ ਵੀ ਸੀਨੀਆਰਤਾ ਸੂਚੀ ਵਿਚ ਸਾਮਲ ਕਰਨਾ ਬਨਦਾ ਸੀ।

4. ਕਮੇਟੀ ਵੱਲੋ ਆਪਣੀ ਰਿਪੋਰਟ ਵਿਚ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਸਿਲੈਕਸਨ ਲਿਸਟ ਵਿਚ ਰੈਕਿੰਗ ਦੇ ਆਧਾਰ ਤੇ ਵਿਸਾ ਵਾਰ ਤਿਆਰ ਕਰਨ ਲਈ ਕਿਹਾ ਗਿਆ।

ਉਪਰੋਕਤ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਮਾਨਯੋਗ ਸਕੱਤਰ ਪੰਜਾਬ ਸਰਕਾਰ, ਸਕੂਲ ਸਿਖਿਆ ਵਿਭਾਗ ਜੀ ਵਲੋ ਆਪਣੇ ਹੁਕਮ ਨੰ: 12/8/2013-5ਸਿ2/832, ਮਿਤੀ 01-03-2013 ਰਾਹੀ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਰਿਵਿਊ ਕਰਨ ਦੇ ਆਦੇਸ ਦਿੱਤੇ ਗਏ ਸਨ।

ਉਪਰੋਕਤ ਹੁਕਮਾਂ ਦੇ ਸਨਮੁੱਖ ਸਿਲੈਕਸਨ ਲਿਸਟ ਵਿਚ ਰੈਕਿੰਗ ਦੇ ਆਧਾਰ ਤੇ ਮਾਸਟਰ/ ਮਿਸਟ੍ਰੈਸ ਕਾਡਰ ਦੀ ਆਰਜੀ ਸੀਨੀਆਰਤਾ ਸੂਚੀ ਵਿਸਾਵਾਰ ਤਿਆਰ ਕਰਕੇ ਮਿਤੀ 15-04-2013 ਨੂੰ ਵਿਭਾਗ ਦੀ ਵੈਬ ਸਾਇਟ ਤੇ ਪਾਈ ਗਈ ਅਤੇ ਇਸ ਸੀਨੀਆਰਤਾ ਸਬੰਧੀ ਅਖਬਾਰਾਂ ਵਿਚ ਨੋਟਿਸ ਜਾਰੀ ਕਰਕੇ ਮਿਤੀ ਪਹਿਲਾ ਮਿਤੀ 25-04-2013 ਤੱਕ ਅਤੇ ਫਿਰ ਮਿਤੀ 05-05-2013 ਤੱਕ ਅਤੇ ਇਸ ਉਪਰੰਤ ਵਿਭਾਗ ਦੀ ਵੈਬਸਾਈਟ ਤੇ ਨੋਟਿਸ ਜਾਰੀ ਕਰਕੇ ਮਿਤੀ 15-05-2013 ਤੱਕ ਇਤਰਾਜ ਮੰਗੇ ਗਏ ਸੀ। ਇਸ ਉਪਰੰਤ ਵੀ ਮੰਡਲ ਸਿੱਖਿਆ ਅਫਸਰਾਂ ਵੱਲੋਂ ਧਿਆਨ ਵਿਚ ਲਿਆਂਦਾ ਗਿਆ ਸੀ ਕਿ ਕਈ ਅਧਿਆਪਕਾਂ ਦੇ ਵੇਰਵੇ ਪ੍ਰਾਪਤ ਹੋ ਰਹੇ ਹਨ, ਇਸ ਲਈ ਮਿਤੀ 24-05-2013 ਤੱਕ ਇਤਰਾਜ ਭੇਜਣ ਲਈ ਸਮਾ ਵਧਾਇਆ ਗਿਆ ਤਾਂ ਜੋ ਕਿਸੇ ਵੀ ਅਧਿਆਪਕ ਦੇ ਵੇਰਵੇ ਦਰਜ ਹੋਣ ਤੋ ਨਾ ਰਹਿ ਜਾਣ। ਪ੍ਰਾਪਤ ਇਤਰਾਜਾ ਨੂੰ ਦੂਰ ਕਰਨ ਉਪਰੰਤ ਮੰਡਲ ਸਿਖਿਆ ਅਫਸਰਾਂ, ਜਲੰਧਰ ਅਤੇ ਨਾਭਾ ਵਲੋ ਤਿਆਰ ਕੀਤੀ ਗਈ ਸੀਨੀਆਰਤਾ ਸੂਚੀ ਮਿਤੀ 24-06-2013 ਨੂੰ ਵਿਭਾਗ ਦੀ ਵੈਬ ਸਾਇਟ ਤੇ ਪਾਈ ਗਈ ਅਤੇ ਇਸ ਸਬੰਧੀ ਵੇਰਵੇ ਚੈਕ ਕਰਕੇ ਇਤਰਾਜ ਭੇਜਣ ਲਈ ਮਿਤੀ 28-06-2013 ਤੱਕ ਦਾ ਸਮਾ ਦਿੱਤਾ ਗਿਆ। ਮਿਤੀ 03-05-2013 ਨੂੰ ਮਾਨਯੋਗ ਸਿਖਿਆ ਮੰਤਰੀ ਜੀ ਵਲੋ ਸਮੂਹ ਜਿਲਾ ਸਿਖਿਆ ਅਫਸਰ (ਸੈ;ਸਿ:), ਦੀ ਮੀਟਿੰਗ ਦੋਰਾਨ ਉਹਨਾ ਨੂੰ ਨਿਰਦੇਸ ਦਿੱਤੇ ਕਿ ਉਹ ਸਾਰੇ ਮਾਸਟਰ/ ਮਿਸਟ੍ਰੈਸ ਅਤੇ ਸਾਲ 2011 ਤੋ ਬਾਅਦ ਪ੍ਰਮੋਟ ਹੋਏ ਲੈਕਚਰਾਰਾ ਦੇ ਵੇਰਵੇ ਸਬੰਧਤ ਮੰਡਲ ਸਿਖਿਆ ਅਫਸਰਾ ਨੂੰ ਭੇਜਣੇ ਯਕੀਨੀ ਬਨਾਉਗੇ। ਇਸ ਉਪਰੰਤ ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿਖਿਆ ਜੀ ਨੇ ਮਿਤੀ 11-05-2013 ਨੂੰ ਸਮੂਹ ਜਿਲਾ ਸਿਖਿਆ ਅਫਸਰ (ਸੈ;ਸਿ:), ਦੀ ਮੀਟਿੰਗ ਦੋਰਾਨ ਉਹਨਾ ਨੂੰ ਨਿਰਦੇਸ ਦਿੱਤੇ ਕਿ ਉਹ ਸਾਰੇ ਮਾਸਟਰ/ ਮਿਸਟ੍ਰੈਸ ਅਤੇ ਸਾਲ 2011 ਤੋ ਬਾਅਦ ਪ੍ਰਮੋਟ ਹੋਏ ਲੈਕਚਰਾਰਾਂ ਦੇ ਵੇਰਵੇ ਸਬੰਧਤ ਮੰਡਲ ਸਿਖਿਆ ਅਫਸਰਾ ਨੂੰ ਭੇਜਣੇ ਯਕੀਨੀ ਬਨਾਉਗੇ।

ਸਾਰੇ ਪ੍ਰਾਪਤ ਇਤਰਾਜਾ ਨੂੰ ਦੂਰ ਕਰਨ ਉਪਰੰਤ ਵਿਭਾਗ ਵਲੋ ਸਿਲੈਕਸਨ ਲਿਸਟ ਵਿਚ ਰੈਕਿੰਗ ਦੇ ਆਧਾਰ ਤੇ ਵਿਸਾਵਾਰ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਮਿਸਟ੍ਰੈਸ (ਇਸਤਰੀਆਂ) ਕਾਡਰ ਦੀ ਸੀਨੀਆਰਤਾ ਸੂਚੀ ਵਿਚ ਮਿਤੀ 01-4-2011 ਤੱਕ ਭਰਤੀ ਕਰਮਚਾਰੀਆ ਨੂੰ ਸਾਮਲ ਕੀਤਾ ਗਿਆ ਹੈ ਅਤੇ ਮਾਸਟਰ

(ਪੁਰਸ) ਕਾਡਰ ਦੀ ਸੀਨੀਆਰਤਾ ਸੂਚੀ ਵਿਚ ਮਿਤੀ 31-12-2010 ਤੱਕ ਹਾਜਰ ਹੋਏ ਕਰਮਚਾਰੀਆ ਨੂੰ ਸਾਮਲ ਕੀਤਾ ਗਿਆ ਹੈ। ਇਹ ਸੀਨੀਆਰਤਾ ਤਿਆਰ ਕਰਦੇ ਸਮੇ ਹੇਠ ਲਿਖੇ ਮੁਦਿਆ ਨੂੰ ਆਧਾਰ ਬਣਾਇਆ ਗਿਆ ਹੈ:-

1. ਸਿਵਲ ਰਿਟ ਪਟੀਸਨ ਨੰ: 19832 ਆਫ 2003 ਚਰਨ ਦਾਸ ਬਨਾਮ ਸਰਕਾਰ ਦੇ ਫੈਸਲੇ ਨੂੰ ਵੀ ਧਿਆਨ ਵਿਚ ਰੱਖ ਕੇ ਮੈਰਿਟ ਸੂਚੀ ਵਿਚ ਰੈਕਿੰਗ ਦੇ ਆਧਾਰ ਤੇ ਇਹ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ।
2. ਇਹ ਸੀਨੀਆਰਤਾ ਸੂਚੀ ਪੰਜਾਬ ਸਿਵਲ ਸਰਵਿਸਿਜ (ਜਨਰਲ ਅਤੇ ਕਾਮਨ ਕੰਡੀਸਨ ਆਫ ਸਰਵਿਸ) ਰੂਲ 1994 ਦੇ ਰੂਲ 8 ਦੇ ਆਧਾਰ ਤੇ ਕੀਤੀ ਗਈ ਹੈ।
3. ਇਹ ਸੀਨੀਆਰਤਾ ਸੂਚੀ ਪੰਜਾਬ ਸਿਵਲ ਸਰਵਿਸ ਰੂਲਜ ਪਾਰਟ-1 ਦੇ ਨਿਯਮ 2.9 ਨੂੰ ਵੀ ਧਿਆਨ ਵਿਚ ਰੱਖ ਕੇ ਤਿਆਰ ਕੀਤੀ ਗਈ ਹੈ।

ਉਪਰੋਕਤ ਸੀਨੀਆਰਤਾ ਸੂਚੀਆਂ ਨੂੰ ਮਾਸਟਰ ਕਾਡਰਾਂ ਦੇ ਨਿਯੁੱਕਤੀ ਅਧੀਕਾਰੀ ਵਲੋਂ ਪ੍ਰਵਾਨ ਕਰ ਲਿਆ ਗਿਆ ਹੈ ਅਤੇ ਨਾਲ ਨੱਥੀ ਸੀਨੀਆਰਤਾ ਸੂਚੀਆਂ ਅੰਤਿਮ ਤੋਰ ਤੇ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਸਹਾਇਕ ਡਾਇਰੈਕਟਰ (ਸ:ਪ੍ਰ:-2)

ਪਿੰਠ ਅੰਕਣ ਨੰ: ਉਕਤ                    ਮਿਤੀ :-

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਨਿੱਜੀ ਸਕੱਤਰ ਟੂ ਮਾਨਯੋਗ ਸਿਖਿਆ ਮੰਤਰੀ ਜੀ।
2. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਸਕੂਲ ਸਿਖਿਆ ਵਿਭਾਗ।
3. ਡਾਇਰੈਕਟਰ ਜਨਰਲ ਸਕੂਲ ਸਿਖਿਆ ਪੰਜਾਬ।
4. ਡਾਇਰੈਕਟਰ ਸਿਖਿਆ ਵਿਭਾਗ (ਕਾਲਜ) ਪੰਜਾਬ।
6. ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ।
7. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।

ਸਹਾਇਕ ਡਾਇਰੈਕਟਰ (ਸ:ਪ੍ਰ:-2)